# ਪੰਜਾਬ ਦੀ ਗਿਆਨ–ਪਰੰਪਰਾ ਅਤੇ ਸਮਕਾਲੀ ਮੀਡੀਆ

ਜਗਬੀਰ ਸਿੰਘ*

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵਲੋਂ ਆਯੋਜਿਤ ਇਸ 30ਵੀਂ ਅੰਤਰ-ਰਾਸ਼ਟਰੀ ਪੰਜਾਬੀ ਵਿਕਾਸ ਕਾਨਫ਼ਰੰਸ ਦਾ ਮੁੱਖ ਵਿਸ਼ਾ - ਪੰਜਾਬੀ ਸਮਾਜ ਤੇ ਮੀਡੀਆ – ਕਈ ਪੱਖਾਂ ਤੋਂ ਬਹੁਤ ਮਹੱਤਵਪੂਰਣ ਹੈ। ਪੰਜਾਬੀ ਸਮਾਜ-ਸਭਿਆਚਰ ਨੂੰ ਮੀਡੀਆ ਹਵਾਲੇ ਨਾਲ ਵਾਚਣਾ ਤੇ ਵਿਚਾਰਨਾ ਇਸ ਕਾਨਫ਼ਰੰਸ ਦਾ ਮੂਲ ਸਰੋਕਾਰ ਹੈ। ਆਯੋਜਕਾਂ ਦੇ ਕਥਿਤ ਉਦੇਸ਼ ਅਨੁਸਾਰ "ਇਸ ਕਾਨਫ਼ਰੰਸ ਦਾ ਮਨੋਰਥ ਪੰਜਾਬੀ ਸਮਾਜ, ਸਾਹਿਤ, ਕਲਾਵਾਂ, ਸਭਿਆਚਾਰ, ਜੀਵਨ-ਜਾਚ, ਮਾਨਸਿਕਤਾ ਆਦਿ ਉੱਪਰ ਮੀਡੀਆ ਦੇ ਪ੍ਰਭਾਵਾਂ ਅਤੇ ਦਵਾਵਾਂ ਨੂੰ ਸਮਝਣਾ ਹੀ ਨਹੀਂ ਪੰਜਾਬ ਦੀ ਆਰਥਕਤਾ, ਰਾਜਨੀਤੀ, ਮਾਨਸਿਕਤਾ ਅਤੇ ਅਕਾਦਮਿਕਤਾ ਵਿਚ ਮੀਡੀਆ ਦੀ ਦਖ਼ਲ-ਅੰਦਾਜ਼ੀ/ਪ੍ਰਾਸੰਗਿਕਤਾ ਬਾਰੇ ਸੰਜੀਦਾ ਸੰਵਾਦ ਤੋਰਨਾ ਵੀ ਹੈ। ਦੂਸਰੇ ਸ਼ਬਦਾਂ ਵਿਚ, ਇਸ ਕਾਨਫ਼ਰੰਸ ਦਾ ਦਾ ਮੁੱਖ ਉਦੇਸ਼ ਪੰਜਾਬੀ ਸਮਾਜ ਵਿਚ ਮੀਡੀਆ ਦੀ ਭੂਮਿਕਾ ਨੂੰ ਵਿਚਾਰਨਾ ਹੈ ਤਾਂ ਜੋ ਪੰਜਾਬੀ ਸਮਾਜ ਨੂੰ ਦਰਪੇਸ਼ ਵੰਗਾਰਾਂ ਦਾ ਉਚਿਤ ਸਮਾਧਾਨ ਤਲਾਸ਼ ਕੀਤਾ ਜਾ ਸਕੇ।" ਧਿਆਨ ਨਾਲ ਦੇਖਿਆ ਜਾਵੇ ਤਾਂ ਇਹ ਪੰਜਾਬੀ ਭਾਈਚਾਰੇ ਉੱਤੇ ਪੈ ਰਹੇ ਮੀਡੀਆ ਦੇ ਚੰਗੇ-ਮਾੜੇ ਪ੍ਰਭਾਵਾਂ ਨੂੰ ਨੀਝ ਨਾਲ ਘੋਖਣਾ ਵਲ ਇਸ਼ਾਰਾ ਹੈ ਪਰ ਇਸ ਘੋਖ ਦੇ ਪਿਛੋਕੜ ਵਿਚ ਅੰਦਰ-ਖਾਤੇ ਇਕ ਗਹਿਰੀ ਚਿੰਤਾ ਛੁਪੀ ਹੋਈ ਹੈ। ਚਿੰਤਾ ਦਾ ਮੂਲ ਕਾਰਣ ਹੈ ਮੰਡੀ, ਮੁਨਾਫੇ ਅਤੇ ਮੀਡੀਆ ਦਾ ਸਿਰਜਿਆ ਹੋਇਆ ਉਹ ਵਿਸ਼ਵ-ਵਿਆਪੀ ਵਰਤਾਰਾ ਜੋ ਚੇਤ-ਅਚੇਤੀ ਸਥਾਨਕ ਸਭਿਆਚਾਰਾਂ ਦੀ ਰਵਾਇਤੀ ਪਛਾਣ ਨੂੰ ਖੋਰਾ ਲਾ ਰਿਹਾ ਹੈ। ਵਿਕਸਿਤ ਪੂੰਜੀਵਾਦੀ ਅਰਥ-ਵਿਵਸਥਾ ਵਲੋਂ ਆਰਥਿਕ ਅਤੇ ਰਾਜਨੀਤਕ ਹਿਤਾਂ ਦੀ ਪੂਰਤੀ ਲਈ ਸਿਰਜੇ ਗਏ ਇਸ ਵਰਤਾਰੇ ਨੂੰ ਵਿਚਾਰਵਾਨਾਂ ਨੇ ਵਿਸ਼ਵੀਕਰਨ (globalization) ਦਾ ਨਾਮ ਦਿੱਤਾ ਹੈ। ਸਾਡੇ ਸਾਮ੍ਹਣੇ ਮੁੱਖ ਮਸਲਾ ਇਹ ਹੈ ਕਿ ਵਿਸ਼ਵੀਕਰਨ ਦੇ ਅਜੋਕੇ ਦੌਰ ਵਿਚ ਮੀਡੀਆ ਦੀ ਵਰਤੋਂ/ਦੁਰਵਰਤੋਂ ਸਦਕਾ ਪੰਜਾਬੀ ਸਮਾਜ-ਸਭਿਆਚਾਰ ਨੂੰ ਕਿਸ ਕਿਸਮ ਦੀਆਂ ਗੰਭੀਰ ਚੁਣੌਤੀਆਂ ਦਰਪੇਸ਼ ਹਨ? ਅਤੇ ਉਨ੍ਹਾਂ ਦਾ ਪ੍ਰਤਿ-ਉੱਤਰ ਤਲਾਸ਼ ਕਰਨ ਲਈ ਕਿਸ ਕਿਸਮ ਦੇ ਉਪਰਾਲੇ ਲੋੜੀਂਦੇ ਹਨ? ਹਥਲੇ ਪਰਚੇ ਵਿਚ ਅਸੀਂ ਇਸ ਮਸਲੇ ਦੇ ਇਕ ਪੱਖ ਨੂੰ ਸੰਬੋਧਿਤ ਹੋਣ ਦਾ ਉਪਰਾਲਾ ਕੀਤਾ ਹੈ। ਇਥੇ ਅਸੀਂ ਪੰਜਾਬ ਦੀ ਗਿਆਨ ਪਰੰਪਰਾ ਨੂੰ ਸਮਕਾਲੀ ਮੀਡੀਆ ਦੇ ਪਰਿਪੇਖ ਵਿਚ ਰੱਖ ਕੇ ਵਿਚਾਰਨ ਦਾ ਜਤਨ ਕੀਤਾ ਹੈ। ਸਾਡਾ ਉਦੇਸ਼ ਪੰਜਾਬ ਦੀ ਉਸ ਗਿਆਨ ਪਰੰਪਰਾ ਨੂੰ ਉਜਾਗਰ ਕਰਨਾ ਹੈ ਜੋ ਸਦੀਆਂ ਤੋਂ ਸਾਡੇ ਅਵਚੇਤਨ ਵਿਚ ਵਸੀ ਹੋਈ ਹੈ ਪਰ ਹੁਣ ਮੀਡੀਆ ਦੇ ਦਬਾਉ ਅਧੀਨ ਦਿਨੋ-ਦਿਨ ਹਾਸ਼ੀਆ-ਗ੍ਰਸਤ ਹੁੰਦੀ ਜਾ ਰਹੀ ਹੈ। ਇਸ ਗਿਆਨ ਪਰੰਪਰਾ ਵਿਚ ਪੰਜਾਬੀ ਬੰਦੇ ਦੀ ਸਮੱਚੀ ਵਿਸ਼ਵ-ਦਿਰਸ਼ਟੀ ਅਤੇ ਉਸਦੀ ਜੀਵਨ-ਜਾਚ ਦੇ ਸਦੀਵੀ ਪ੍ਰੇਰਣਾ-ਸਰੋਤ ਛੁਪੇ ਹੋਏ ਹਨ। ਸਾਡੀ ਜਾਚੇ, ਅਜੋਕੇ ਦੌਰ ਵਿਚ ਪੰਜਾਬੀ ਸਮਾਜ-ਸਭਿਆਚਾਰ ਨੂੰ ਦਰਪੇਸ਼ ਹੋਂਦ-ਮੁਖੀ ਵੰਗਾਰਾਂ ਦਾ ਸਮਾਧਾਨ ਇੱਥੋਂ

* ਸਾਬਕਾ ਪ੍ਰੋਫੈਸਰ ਤੇ ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ। ਲਾਈਫ਼ ਫੈਲੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਦੀ ਗਿਆਨ ਪਰੰਪਰਾ ਵਿਚ ਹੀ ਲੁਕਿਆ ਹੋਇਆ ਹੈ। ਇਸ ਮੰਤਵ ਲਈ ਸੱਭ ਤੋਂ ਪਹਿਲਾਂ ਸਾਨੂੰ ਮੀਡੀਆ ਅਤੇ ਨਵ-ਮੀਡੀਆ ਦੇ ਵਾਸਤਵਿਕ ਸਰੂਪ ਤੇ ਸੁਭਾ ਦੀ ਨਿਸ਼ਾਨਦੇਹੀ ਕਰਨੀ ਪਵੇਗੀ।

ਅਜੋਕੇ ਦੌਰ ਵਿਚ ਮੀਡੀਆ ਇਕ ਅਜਿਹੇ ਸ਼ਕਤੀਸ਼ਾਲੀ ਵਰਤਾਰੇ ਦੇ ਰੂਪ ਵਿਚ ਉੱਭਰਿਆ ਹੈ ਜੋ ਸਾਡੇ ਜੀਵਨ-ਅਨੁਭਵ ਤੇ ਵਿਹਾਰ ਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕਰ ਰਿਹਾ ਹੈ। ਮੀਡੀਆ (media) ਦਾ ਸ਼ਾਬਦਿਕ ਅਰਥ ਹੈ ਮਾਧਿਅਮ ਜਾਂ ਸਾਧਨ। ਇਸ ਦੀ ਵਰਤੋਂ ਆਮ ਤੌਰ ਤੇ ਸੰਚਾਰ ਮਾਧਿਅਮਾਂ ਜਾਂ ਜਨ-ਸੰਚਾਰ ਮਾਧਿਅਮਾਂ (mass media) ਦੇ ਅਰਥਾਂ ਵਿਚ ਕੀਤੀ ਜਾਂਦੀ ਹੈ। ਇਸ ਤਰ੍ਹਾਂ ਮੀਡੀਆ ਬੁਨਿਆਦੀ ਤੌਰ ਤੇ ਸੂਚਨਾਵਾਂ ਦੇ ਸੰਚਾਰਨ, ਪ੍ਰਸਾਰਨ ਤੇ ਭੰਡਾਰਨ ਨਾਲ ਸੰਬੰਧ ਰੱਖਦਾ ਹੈ ਅਤੇ ਇਸ ਵਿਚ ਇਨ੍ਹਾਂ ਮੰਤਵਾਂ ਲਈ ਵਰਤੇ ਜਾਣ ਵਾਲੇ ਸਾਰੇ ਉਪਕਰਨ ਤੇ ਵਸੀਲੇ ਵੀ ਆ ਜਾਂਦੇ ਹਨ। ਮੀਡੀਆ ਓਦੋਂ ਹੀ ਮੀਡੀਆ ਬਣਦਾ ਹੈ ਜਦੋਂ ਇਹ ਪੱਤਰਕਾਰਾਂ, ਟੈਲੀ-ਲੇਖਕਾਂ, ਫਿਲਮ-ਨਿਰਦੇਸ਼ਕਾਂ ਅਤੇ ਹੋਰਨਾਂ ਮੀਡੀਆ ਕਰਮੀਆਂ ਵਲੋਂ ਵਿਸ਼ੇਸ਼ ਮੰਤਵਾਂ ਦੀ ਪੂਰਤੀ ਲਈ ਵਿਸ਼ੇਸ਼ ਜਨ-ਸਮੂਹਾਂ ਨੂੰ ਸੰਬੋਧਿਤ ਹੋ ਕੇ ਇਨ੍ਹਾਂ ਸੰਦੇਸ਼ਾਂ ਦਾ ਸੰਚਾਰ ਕਰਦਾ ਹੈ। ਇਸੇ ਲਈ ਮੀਡੀਆ ਦਾ ਅੰਤਿਮ ਉਦੇਸ਼ ਉਤਪਾਦ-ਵਸਤਾਂ, ਸੇਵਾਵਾਂ ਅਤੇ ਵਿਚਾਰਧਾਰਾਵਾਂ (ਆਰਥਿਕ ਵੀ ਤੇ ਰਾਜਨੀਤਕ ਵੀ) ਜਾਂ ਤਰਜ਼ਿ ਜ਼ਿੰਦਗੀ ਦੀ ਵਪਾਰਕ ਨੁਕਤੇ ਤੋਂ ਪੈਰਵੀ ਕਰਨਾ ਹੈ । ਹਕੀਕਤ ਇਹ ਹੈ ਕਿ ਸਮਕਾਲੀ ਮੀਡੀਆ ਅਸਲ ਵਿਚ ਘੱਟ-ਗਿਣਤੀ ਦੇ ਉਸ ਇਲੀਟ ਵਰਗ ਦੀ ਜੀਵਨ-ਦ੍ਰਿਸ਼ਟੀ ਨੂੰ ਹੀ ਪ੍ਰਤਿਬਿੰਬਿਤ ਜਾਂ ਉਜਾਗਰ ਕਰਦਾ ਹੈ ਜਿਸ ਦੇ ਹੱਥਾਂ ਵਿਚ ਇਨ੍ਹਾਂ ਸੰਚਾਰ-ਮਾਧਿਅਮਾਂ ਦੀ ਮਾਲਕੀ ਜਾਂ ਨਿਯੰਤਰਣ ਹੈ। ਮੀਡੀਆ ਦੇ ਤਿੰਨ ਮੁੱਖ ਪ੍ਰਕਾਰਜ ਮੰਨੇ ਗਏ ਹਨ – ਸੂਚਨਾ, ਮਨੋਰੰਜਨ ਅਤੇ ਸਿਖਿਆ। ਅੱਜ ਦੇ ਦੌਰ ਵਿਚ ਲੋਕਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿਚ ਰੋਜ਼ਗਾਰ, ਮਨੋਰੰਜਨ, ਸਿਹਤ-ਸੰਭਾਲ, ਸਿਖਿਆ, ਭਾਈਚਾਰਕ ਰੁਝੇਵਿਆਂ ਅਤੇ ਹੋਰ ਬਹੁਤ ਸਾਰੇ ਕਾਰਜਾਂ ਲਈ ਅਤੇ ਦੁਨੀਆਂ ਨਾਲ ਜੁੜੇ ਰਹਿਣ ਲਈ, ਮੀਡੀਆ ਦੇ ਵਸੀਲਿਆਂ (ਸੂਚਨਾ ਅਤੇ ਸੰਚਾਰ) ਉੱਤੇ ਨਿਰਭਰ ਕਰਨਾ ਪੈਂਦਾ ਹੈ।

ਸੰਚਾਰ ਮਾਧਿਅਮਾਂ ਦੇ ਅੰਤਰਗਤ, ਹੁਣ ਤਕ ਵਿਕਸਿਤ ਹੋਏ, ਮੀਡੀਆ ਦੇ ਵਿਭਿੰਨ ਰੂਪਾਂ ਵਿਚ ਮੁੱਢਲਾ ਸਥਾਨ ਮੌਖਿਕ ਸੰਚਾਰ ਨੂੰ ਪ੍ਰਾਪਤ ਹੈ। ਮਾਨਵ-ਜਾਤੀ ਦੇ ਇਸ ਮੁੱਢਲੇ ਵਿਕਾਸ-ਪੜਾਉ ਉੱਤੇ, ਵਿਚਾਰਾਂ, ਭਾਵਾਂ, ਸੂਚਨਾਵਾਂ ਅਤੇ ਸੰਦੇਸ਼ਾਂ ਦਾ ਆਦਾਨ-ਪ੍ਰਦਾਨ (ਸੰਚਾਰ) ਮੌਖਿਕ ਰੂਪ ਵਿਚ ਹੀ ਹੁੰਦਾ ਸੀ। ਲਿਖਤ-ਯੁੱਗ ਦੇ ਆਰੰਭ ਹੋਣ ਨਾਲ ਮੀਡੀਆ ਇਕ ਨਵੇਂ ਦੌਰ ਵਿਚ ਪ੍ਰਵੇਸ਼ ਕਰਦਾ ਹੈ। ਇਸ ਨਵੇਂ ਦੌਰ ਵਿਚ ਪਹਿਲਾਂ ਹੱਥ-ਲਖਤਾਂ/ਪਾਂਡੂ-ਲਿਪੀਆਂ ਵਿਚਾਰਾਂ ਦੇ ਆਦਾਨ-ਪ੍ਰਦਾਨ ਦਾ ਵਸੀਲਾ ਬਣੀਆਂ ਤੇ ਬਾਦ ਵਿਚ ਛਾਪੇਖਾਨੇ ਦੇ ਅਵਿਸ਼ਕਾਰ ਨਾਲ ਪ੍ਰਿੰਟ ਮੀਡੀਆ ਹੋਂਦ ਵਿਚ ਆਇਆ। ਇਸ ਦੇ ਅੰਤਰਗਤ ਪੁਸਤਕਾਂ, ਅਖ਼ਬਾਰ-ਰਸਾਲਿਆਂ ਦਾ ਦੌਰ ਸ਼ੁਰੂ ਹਇਆ। ਅਜੋਕੇ ਯੁੱਗ ਵਿਚ ਪ੍ਰਸਾਰਨ-ਮੀਡੀਆ (ਰੇਡੀਓ, ਟੈਲੀਵਿਯਨ) ਆਪਣੇ ਪੂਰੇ ਜਲੌ ਨਾਲ ਸਾਮ੍ਹਣੇ ਆਇਆ। ਵਿਸ਼ੇਸ਼ ਤੌਰ ਤੇ ਟੈਲੀਵਿਯਨ ਦਾ ਅਵਿਸ਼ਕਾਰ ਇਸ ਮੀਡੀਆ ਦੀ ਬੇਮਿਸਾਲ ਤਕਨੀਕੀ ਪ੍ਰਾਪਤੀ ਦਾ ਸੂਚਕ ਹੈ ਜਿਸ ਨੇ ਇਸ ਨੂੰ ਸੂਚਨਾ ਤੇ ਸੰਚਾਰ ਦੇ ਨੁਕਤੇ ਤੋਂ ਅਥਾਹ ਸ਼ਕਤੀ ਪ੍ਰਦਾਨ ਕੀਤੀ ਹੈ। ਅੱਜ ਟੈਲੀਵਿਯਨ ਇਕ ਅਜਿਹਾ ਲੋਕ ਪ੍ਰਿਯ ਜਨ-ਸੰਚਾਰ ਮਾਧਿਅਮ ਬਣ ਗਿਆ ਹੈ ਜਿਸ ਦੀ ਪਹੁੰਚ ਤੇ ਪਕੜ ਘਰ-ਪਰਿਵਾਰ ਤੇ ਆਮ ਲੋਕਾਈ ਤਕ ਫੈਲ ਗਈ ਹੈ। ਇਹ ਦਰਸ਼ਕ/ਸਰੋਤਿਆਂ

ਨੂੰ ਵਿਭਿੰਨ ਪ੍ਰਕਾਰ ਦੀ ਸੂਚਨਾ ਅਤੇ ਗਿਆਨ ਪ੍ਰਦਾਨ ਕਰਨ ਦੇ ਨਾਲ ਲੋਕ-ਰੁਚੀ/ਲੋਕ ਰਾਏ ਨੂੰ ਵੀ ਪ੍ਰਭਾਵਿਤ ਕਰਨ ਦੀ ਸ਼ਕਤੀ ਅਤੇ ਸਮਰੱਥਾ ਰੱਖਦਾ ਹੈ।

ਅੱਜ ਇਸ ਪ੍ਰਸਾਰਨ-ਮੀਡੀਆ ਦਾ ਪਸਾਰਾ ਹਰ ਪਾਸੇ ਹੈ। ਟੀ. ਵੀ. ਉੱਤੇ ਪ੍ਰਸਾਰਿਤ ਹੋਣ ਵਾਲੇ ਅਨੇਕਾਂ ਨਿਊਜ਼-ਚੈਨਲਾਂ ਤੋਂ ਇਲਾਵਾ ਵੰਨ-ਸੁਵੰਨੇ ਸੀਰੀਅਲ, ਫਿਲਮਾਂ, ਰਿਐਲਿਟੀ ਸ਼ੋਅ, ਫੈਸ਼ਨ-ਸ਼ੋਅ, ਆਂਚਲਿਕ ਸਭਿਆਚਾਰਾਂ ਨੂੰ ਪ੍ਰਦਰਸ਼ਿਤ ਕਰਨ ਵਾਲੇ ਪ੍ਰੋਗਰਾਮ; ਗਿਆਨ, ਵਿਗਿਆਨ, ਇਤਿਹਾਸ, ਮਿਥਿਹਾਸ, ਧਰਮ, ਦਰਸ਼ਨ, ਹਾਸ-ਵਿਅੰਗ, ਖੇਡਾਂ, ਗੀਤ-ਸੰਗੀਤ ਅਤੇ ਨ੍ਰਿਤ ਦੇ ਪ੍ਰੋਗਰਾਮ ਦਰਸ਼ਕਾਂ ਨੂੰ ਪਰੋਸੇ ਜਾ ਰਹੇ ਹਨ। ਵਿਗਿਆਨ ਤੇ ਟੈਕਨਾਲੋਜੀ ਦੇ ਸਮੂਹ ਅਵਿਸ਼ਕਾਰਾਂ ਵਾਂਗ ਮੀਡੀਆ ਆਪਣੇ ਆਪ ਵਿਚ ਮੁੱਲ-ਨਿਰਪੇਖ ਹੈ। ਇਸ ਨੂੰ ਚੰਗਾ ਜਾਂ ਮਾੜਾ ਇਸਦੇ ਇਸ ਦੇ ਵਰਤੋਂਕਾਰ ਬਣਾਉਂਦੇ ਹਨ। ਮੀਡੀਆ ਵਿਚ ਪ੍ਰਸਾਰਿਤ ਹਰ ਸੂਚਨਾ ਸਮੱਗਰੀ ਵਿਚਾਰਧਾਰਾਈ ਪ੍ਰਵਚਨ ਦੇ ਰੂਪ ਵਿਚ ਉਜਾਗਰ ਹੁੰਦੀ ਹੈ। ਅੱਜ ਇਸ ਸ਼ਕਤੀਸ਼ਾਲੀ ਮਾਧਿਅਮ ਦਾ ਨਿਅੰਤਰਣ ਬਹੁ-ਰਾਸ਼ਟਰੀ ਕਾਰਪੋਰੇਸ਼ਨਾਂ, ਛੋਟੇ-ਵੱਡੇ ਉਦਿਓਗਿਕ ਘਰਾਣੇ ਦੇ ਹੱਥਾਂ ਵਿਚ ਹੈ। ਇਸ ਦੀ ਸ਼ਕਤੀ ਤੇ ਸਮਰੱਥਾ ਨੂੰ ਪਛਾਣਦਿਆਂ, ਮੰਡੀ ਅਤੇ ਮੁਨਾਫੇ ਉੱਤੇ ਟਿਕੀ ਹੋਈ, ਅਜੋਕੀ ਪੂੰਜੀਵਾਦੀ ਵਿਵਸਥਾ ਨੇ ਇਸਨੂੰ ਆਪਣੇ ਵਪਾਰਕ ਹਿਤਾਂ ਦੀ ਪੂਰਤੀ ਦਾ ਮਾਧਿਅਮ ਬਣਾਉਣ ਦੀ ਚੇਸ਼ਟਾ ਕੀਤੀ ਹੈ। ਇਸ ਮੰਤਵ ਲਈ ਬਹੁਤ ਵੱਡੇ ਪੈਮਾਨੇ ਉੱਤੇ ਐਡ-ਏਜੰਸੀਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਇਹ ਕਾਰਪੋਰੇਸ਼ਨਾਂ ਖਪਤ-ਵਸਤਾਂ ਅਤੇ ਸੇਵਾਵਾਂ ਨੂੰ ਸੁਪਨਿਆਂ ਵਰਗੀ ਇਸ਼ਤਿਹਾਰੀ ਚਮਕ-ਦਮਕ ਨਾਲ ਪਰੋਸ ਕੇ ਇਹ ਮਾਨਵ-ਵਿਅਕਤੀ ਨੂੰ ਨਿਰੋਲ ਖਪਤਕਾਰ ਦੇ ਰੂਪ ਵਿਚ ਦੇਖਦੀਆਂ ਹਨ ਅਤੇ ਇਨ੍ਹਾਂ ਨੇ ਅਜਿਹੇ ਖਪਤ-ਸਭਿਆਚਾਰ ਨੂੰ ਜਨਮ ਦਿੱਤਾ ਹੈ ਜੋ ਆਮ ਆਦਮੀ ਦੀ ਤਰਜ਼ਿ-ਜ਼ਿੰਦਗੀ ਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕਰ ਰਿਹਾ ਹੈ। ਵਿਕਾਸਸ਼ੀਲ ਦੇਸ਼ਾਂ ਦੇ ਸਾਧਾਰਣ ਨਾਗਰਿਕ ਅਤੇ ਸਥਾਨਕ ਸਭਿਆਚਾਰ ਤੇਜ਼ੀ ਨਾਲ ਇਸ ਦੀ ਮਾਰ ਹੇਠ ਆ ਰਹੇ ਹਨ। ਇਸ ਤੋਂ ਇਲਾਵਾ ਟੈਲੀਵਿਯਨ ਲੋਕ-ਰਾਏ ਨੂੰ ਪ੍ਰਭਾਵਿਤ ਕਰਨ ਵਾਲਾ ਸ਼ਕਤੀਸ਼ਾਲੀ ਮਾਧਿਅਮ ਬਣ ਗਿਆ ਹੈ। ਇਹੀ ਕਾਰਣ ਹੈ ਕਿ ਵੱਖ-ਵੱਖ ਰਾਨੀਤਕ ਪਾਰਟੀਆਂ ਵੀ ਇਸਨੂੰ ਹਥਿਆਰ ਵਜੋਂ ਵਰਤਣ ਵਲ ਜਤਨਸ਼ੀਲ ਹਨ।

ਬਹੁ-ਰਾਸ਼ਟਰੀ ਕਾਰਪੋਰੇਸ਼ਨਾਂ ਦੀ ਇਜਾਰੇਦਾਰੀ ਸਦਕਾ ਟੀ. ਵੀ. ਉੱਤੇ ਪ੍ਰਸਾਰਿਤ ਹੋਣ ਵਾਲੇ ਬਹੁਤੇ ਪ੍ਰੋਗਰਾਮ ਖਪਤ-ਸਭਿਆਚਾਰ ਦੀਆਂ ਕਦਰਾਂ-ਕੀਮਤਾਂ ਅਤੇ ਪੱਛਮੀ ਤਰਜ਼ਿ-ਜ਼ਿੰਦਗੀ ਨੂੰ ਉਤਸਾਹਿਤ ਕਰਨ ਵਾਲੇ ਹਨ। ਅਸੀਂ ਭਾਵੇਂ ਕਿੰਨਾ ਵੀ ਮੀਡੀਆ ਦੇ ਇਸ ਪ੍ਰਭਾਵ ਤੋਂ ਬਚਣ ਜਾਂ ਨਿਰਲੇਪ ਰਹਿਣ ਦੀ ਕੋਸ਼ਿਸ਼ ਕਰੀਏ, ਪ੍ਰਤੱਖ ਜਾਂ ਪਰੋਖ ਰੂਪ ਵਿਚ ਇਹ ਸਾਨੂੰ ਪ੍ਰਭਾਵਿਤ ਕਰ ਜਾਂਦਾ ਹੈ। ਚੇਤ-ਅਚੇਤੀ ਇਹ ਸਾਡੀ ਸਭਿਆਚਾਰਕ ਪਛਾਣ, ਜੀਵਨ-ਜਾਚ ਅਤੇ ਗਿਆਨ-ਪਰੰਪਰਾ ਨੂੰ ਖੋਰਾ ਲਾ ਰਿਹਾ ਹੈ। ਅਜਿਹਾ ਨਹੀਂ ਕਿ ਸਮਕਾਲੀ ਮੀਡੀਆ ਵਿਚ ਪੰਜਾਬੀ ਸਮਾਜ-ਸਭਿਆਚਾਰ ਦੀ ਪੇਸ਼ਕਾਰੀ ਨਹੀਂ ਹੋ ਰਹੀ। ਅੱਜ ਅਨੇਕਾਂ ਖੇਤਰੀ ਚੈਨਲ ਪੰਜਾਬ ਦੇ ਸਭਿਆਚਾਰਕ ਤੇ ਲੋਕਧਾਰਾਈ ਵਿਰਸੇ ਨਾਲ ਜੁੜੀ ਵਸਤੂ-ਸਮੱਗਰੀ ਦਾ ਪ੍ਰਸਾਰਨ ਕਰ ਰਹੇ ਹਨ ਜਿਸ ਵਿਚ ਗੀਤ-ਸੰਗੀਤ, ਗਿੱਧਾ-ਭੰਗੜਾ ਪ੍ਰਮੁੱਖ ਹਨ। ਪਰ ਇਹ ਪੇਸ਼ਕਾਰੀ ਵਧੇਰੇ ਵਪਾਰਕ ਹਿੱਤਾਂ ਨਾਲ ਜੁੜ ਹੋਈ ਹੈ ਜੋ ਆਮ ਤੌਰ ਤੇ ਪੰਜਾਬੀ

ਵਿਰਸੇ ਦੇ ਇਨ੍ਹਾਂ ਲੋਕਧਾਰਾਈ ਰੂਪਾਂ ਦੀ ਮੌਲਿਕ ਪਛਾਣ ਨੂੰ ਵਿਕ੍ਰਿਤ ਕਰ ਦਿੰਦੀ ਹੈ। ਇਸ ਤੋਂ ਇਲਾਵਾ ਸਮਕਾਲੀ ਮੀਡੀਆ ਵਿਚ ਗੁਰਬਾਣੀ ਵਿਚਾਰ, ਗੁਰਮਤਿ ਸੰਗੀਤ ਅਤੇ ਸੂਫੀ ਗਾਇਕੀ ਦਾ ਪ੍ਰਸਾਰਨ ਵੀ ਹੋ ਰਿਹਾ ਹੈ ਜੋ ਸਾਡੇ ਵਿਰਸੇ ਦੀ ਗਿਆਨ-ਵਿਰਾਸਤ ਨਾਲ ਸੰਬੰਧਿਤ ਹੈ। ਇਨ੍ਹਾਂ ਪ੍ਰੋਗਰਾਮਾਂ ਨੂੰ ਗਿਆਨ-ਵਿਗਿਆਨ ਦੇ ਅਜੋਕੇ ਸੰਦਰਭ ਵਿਚ ਹੋਰ ਵਧੇਰੇ ਸਾਰਥਕ ਤੇ ਪ੍ਰਾਸੰਗਿਕ ਬਣਾਉਣ ਦੀ ਜ਼ਰੂਰਤ ਹੈ ਤਾਂ ਜੋ ਵਿਰਸੇ ਤੋਂ ਟੁੱਟਦੀ ਜਾ ਰਹੀ ਨਵੀਂ ਪੀੜ੍ਹੀ ਪੰਜਾਬੀ ਸਭਿਆਚਾਰ ਦੇ ਇਨ੍ਹਾਂ ਸਦੀਵੀ ਪ੍ਰੇਰਣਾ-ਸਰੋਤਾਂ ਨਾਲ ਜੀਵੰਤ ਰਿਸ਼ਤਾ ਜੋੜ ਸਕੇ। ਸਾਡੀ ਜਾਚੇ ਮੀਡੀਆ ਦੇ ਦੁਸ਼-ਪ੍ਰਭਾਵਾਂ ਨੂੰ ਰੋਕਣ ਦਾ ਇਕੋ ਇਕ ਰਸਤਾ ਹੈ। ਉਹ ਹੈ – ਸਭਿਆਚਾਰਕ ਚੇਤਨਾ ਤੇ ਗਿਆਨ ਪ੍ਰਬੋਧ। ਪਰ ਇਹ ਰਸਤਾ ਵੀ ਮੀਡੀਆ ਥਾਣੀ ਹੀ ਲੰਘਦਾ ਹੈ।

ਪਿਛਲੇ ਕੁਝ ਦਹਾਕਿਆਂ ਦੌਰਾਨ, ਮੀਡੀਆ-ਟੈਕਨਾਲੋਜੀ ਦੇ ਭਰਪੂਰ ਵਿਕਾਸ ਕਾਰਣ, ਸੂਚਨਾ ਅਤੇ ਸੰਚਾਰ ਦੇ ਖੇਤਰ ਵਿਚ ਇਕ ਕ੍ਰਾਂਤੀਕਾਰੀ ਪਰਿਵਰਤਨ ਵਾਪਰਿਆ ਹੈ ਜਿਸ ਨੇ ਮੀਡੀਆ ਦੀ ਨੁਹਾਰ ਨੂੰ ਹੀ ਤਬਦੀਲ ਕਰ ਦਿੱਤਾ ਹੈ। ਇਸ ਨਵੀਨ ਟੈਕਨਾਲੋਜੀ ਦੇ ਅੰਤਰਗਤ ਅਨੇਕਾਂ ਨਵੇਂ ਇਲੈਕਟ੍ਰਾਨਿਕ ਉਪਕਰਨਾਂ ਅਤੇ ਵਸੀਲਿਆਂ ਦਾ ਅਵਿਸ਼ਕਾਰ ਹੋਇਆ ਹੈ ਜਿਨ੍ਹਾਂ ਵਿਚ ਕੰਪਿਊਟਰ ਅਤੇ ਇੰਟਰਨੈੱਟ ਵਿਸ਼ੇਸ਼ ਤੌਰ ਤੇ ਵਰਣਨਯੋਗ ਹਨ। ਕੰਪਿਊਟਰ-ਟੈਕਨਾਲੋਜੀ ਉੱਤੇ ਆਧਾਰਿਤ ਨਵੇਂ ਉਤਪਾਦਾਂ (ਲੈਪ-ਟਾਪ, ਨੋਟ-ਬੁਕ, ਆਈਪੈਡ, ਸਮਾਰਟ ਫੋਨ ਆਦਿ) ਨੇ ਕੰਪਿਊਟਰ ਨੂੰ ਘਰ-ਘਰ, ਬਲਕਿ ਬੱਚੇ-ਬੱਚੇ ਦੇ ਹੱਥਾਂ ਵਿਚ ਪੁਚਾ ਦਿੱਤਾ ਹੈ। ਇਸੇ ਤਰ੍ਹਾਂ ਇੰਟਰਨੈੱਟ-ਟੈਕਨਾਲੋਜੀ ਨੇ ਦੁਨੀਆ ਭਰ ਵਿਚ ਸੂਚਨਾ-ਸਮੱਗਰੀ ਦੇ ਸੰਚਾਰਨ ਤੇ ਭੰਡਾਰਨ ਲਈ , ਇਕ ਤਰ੍ਹਾਂ ਦਾ ਜਾਲ ਵਿਛਾ ਦਿੱਤਾ ਹੈ। ਸ਼ਾਇਦ ਇਸੇ ਲਈ ਇੰਟਰਨੈੱਟ ਨੂੰ ਵਰਲਡ-ਵਾਈਡ-ਵੈੱਬ (w.w.w) ਦਾ ਨਾਮ ਦਿੱਤਾ ਗਿਆ ਹੈ।

ਮੀਡੀਆ ਦੇ ਇਨ੍ਹਾਂ ਨਵੇਂ ਅਤੇ ਸ਼ਕਤੀਸ਼ਾਲੀ ਉਪਕਰਨਾਂ/ਵਸੀਲਿਆਂ (ਕੰਪਿਊਟਰ ਅਤੇ ਇੰਟਰਨੈੱਟ) ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਹੈ। ਸਮਕਾਲੀ ਵਿਦਵਾਨਾਂ ਵਲੋਂ ਇਨ੍ਹਾਂ ਨੂੰ ਹੱਕੀ ਤੌਰ ਤੇ ਨਵ-ਮੀਡੀਆ (new media) ਦਾ ਨਾਮ ਦਿੱਤਾ ਗਿਆ ਹੈ। ਇਸ ਨਵ-ਮੀਡੀਆ ਦੀਆਂ ਕੁਝ ਅਜਿਹੀਆਂ ਮੌਲਿਕ ਵਿਸ਼ੇਸ਼ਤਾਵਾਂ ਹਨ ਜੋ ਇਸ ਨੂੰ ਰਵਾਇਤੀ ਜਾਂ ਸਮਾਨੰਤਰ ਰੂਪ ਵਿਚ ਪ੍ਰਚੱਲਤ ਮੀਡੀਆ (ਪ੍ਰਿੰਟ-ਮੀਡੀਆ ਅਤੇ ਪ੍ਰਸਾਰਨ ਮੀਡੀਆ) ਨਾਲੋਂ ਨਿਖੇੜ ਦਿੰਦੀਆਂ ਹਨ। ਰਵਾਇਤੀ ਮੀਡੀਆ ਮੁੱਖ ਤੌਰ ਤੇ ਸਾਡੇ ਆਲੇ ਦੁਆਲੇ ਜਾਂ ਦੇਸ਼-ਵਿਦੇਸ਼ ਵਿਚ ਵਾਪਰਦੀਆਂ ਘਟਨਾਵਾਂ ਨੂੰ ਖ਼ਬਰਾਂ ਦੇ ਰੂਪ ਵਿਚ ਪ੍ਰਸਤੁਤ ਕਰਨ, ਆਰਥਿਕ-ਰਾਜਨੀਤਕ ਸਥਿਤੀਆਂ ਦਾ ਵਿਸ਼ਲੇਸ਼ਣ ਕਰਨ ਜਾਂ ਸਿਖਿਆ ਤੇ ਮਨੋਰੰਜਨ ਨਾਲ ਸੰਬੰਧਿਤ ਸਮੱਗਰੀ ਦੇ ਪ੍ਰਸਾਰਨ ਨਾਲ ਜੁੜਿਆ ਹੋਇਆ ਹੈ। ਸੰਚਾਰ ਦੇ ਹਵਾਲੇ ਨਾਲ ਇਸ ਦੀ ਪਹੁੰਚ ਤੇ ਪਕੜ ਵਧੇਰੇ ਇਕ-ਤਰਫਾ ਹੈ। ਇਹ ਦਰਸ਼ਕ/ਸਰੋਤੇ ਨੂੰ ਸੰਬੋਧਿਤ ਤਾਂ ਹੁੰਦਾ ਹੈ ਪਰ ਉਸ ਦੇ ਹੁੰਘਾਰੇ ਜਾਂ ਪ੍ਰਤਿਕਰਮ ਨੂੰ ਨਹੀਂ ਉਡੀਕਦਾ। ਇਸ ਦੇ ਮੁਕਾਬਲੇ ਤੇ ਨਵ-ਮੀਡੀਆ ਦਾ ਫੈਲਾਉ ਦੋ-ਤਰਫਾ ਸੰਚਾਰ ਦੇ ਰੂਪ ਵਿਚ ਹੋਇਆ ਹੈ। ਇੰਟਰਨੈੱਟ ਨੇ ਕੰਪਿਊਟਰ-ਆਧਾਰਿਤ ਉਪਕਰਨਾਂ ਦੇ ਵਰਤੋਂਕਾਰਾਂ ਨੂੰ ਨਿਤ-ਨਵੀਂ ਸੂਚਨਾ-ਸਮੱਗਰੀ ਅਪਲੋਡ/ਡਾਊਨਲੋਡ ਕਰਨ ਦੀ ਸਹੂਲਤ ਪ੍ਰਦਾਨ ਕਰ ਦਿੱਤੀ ਹੈ। ਕੋਈ ਵੀ ਵਰਤੋਂਕਾਰ ਆਪਣੇ ਅਨੁਭਵ ਤੇ ਗਿਆਨ ਨੂੰ ਦੂਸਰਿਆਂ ਨਾਲ ਸਾਂਝਿਆਂ ਕਰ ਸਕਦਾ ਹੈ ਅਤੇ ਮੋੜਵੇਂ ਰੂਪ ਵਿਚ ਇੰਟਰਨੈੱਟ ਤੇ ਪ੍ਰਾਪਤ ਸਮੱਗਰੀ ਨੂੰ ਵਰਤ ਸਕਦਾ ਹੈ। ਅੰਤਰ-ਸੰਚਾਰ ਦੀ ਇਹ ਦੁਵੱਲੀ ਅਤੇ ਸੰਭਾਵਨਾਵਾਂ

ਭਰਪੂਰ ਸਥਿਤੀ ਇਸ ਨਵ-ਮੀਡੀਆ ਦੀ ਮੁੱਖ ਪ੍ਰਾਪਤੀ ਹੈ।[1] ਇਸ ਤਰ੍ਹਾਂ ਕੰਪਿਊਟਰ ਤੇ ਇੰਟਰਨੈੱਟ ਦੇ ਰੂਪ ਵਿਚ ਵਿਕਸਿਤ ਹੋਏ ਇਸ ਨਵ-ਮੀਡੀਆ ਨੇ ਸਾਨੂੰ ਗਿਆਨ ਦੇ ਦਿਨੋ-ਦਿਨ ਫੈਲਦੇ ਜਾ ਰਹੇ ਸਾਗਰ ਦੇ ਸਨਮੁਖ ਲਿਆ ਖਲ੍ਹਾਰਿਆ ਹੈ। ਕੋਈ ਵੀ ਗਿਆਨ ਦੀ ਇਸ ਵਗਦੀ ਗੰਗਾ ਵਿਚ ਚਾਹੇ ਚੁੱਭੀ ਮਾਰ ਸਕਦਾ ਹੈ।

ਇੰਟਰਨੈੱਟ ਨਵ-ਮੀਡੀਆ ਦਾ ਅਜਿਹਾ ਮਹੱਤਵਪੂਰਣ ਵਸੀਲਾ ਹੈ ਜੋ ਅੱਜ ਕੰਪਿਊਟਰ-ਆਧਾਰਿਤ/ ਡਿਜਿਟਲ ਉਕਰਨਾਂ ਦੇ ਮਾਧਿਅਮ ਰਾਹੀਂ ਵਰਤੋਂਕਾਰਾਂ ਨੂੰ ਸੂਚਨਾ ਅਤੇ ਗਿਆਨ ਦੇ ਆਦਾਨ-ਪ੍ਰਦਾਨ ਲਈ ਅਣ-ਕਿਆਸੀ ਖੁੱਲ੍ਹ ਪ੍ਰਦਾਨ ਕਰਦਾ ਹੈ। ਇਹ ਇਕ ਵਿਲੱਖਣ ਭਾਂਤ ਦੀ ਸਾਈਬਰ-ਸਪੇਸ ਜਾਂ ਸਾਈਬਰ ਬ੍ਰਹਿਮੰਡ ਦੀ ਸਿਰਜਣਾ ਕਰਦਾ ਹੈ ਜਿਸ ਦੇ ਵਾਸੀ ਗਲੋਬ ਦੇ ਦੂਰ-ਦੁਰਾਡੇ ਸਥਾਨਾਂ ਤੇ ਵਸਦੇ/ਵਿਚਰਦੇ ਹੋਏ ਵੀ ਸੰਚਾਰ ਦੀ ਦੁਵੱਲੀ ਅੰਤਰ-ਅਨੁਕਿਰਿਆ ਵਿਚ ਬੱਝੇ ਹੋਏ ਹਨ। ਦੂਸਰੇ ਸ਼ਬਦਾਂ ਵਿਚ ਇਹ ਨਵ-ਮੀਡੀਆ ਗਿਆਨ ਦੇ ਇਕ ਅਜਿਹੇ ਸੰਸਾਰ ਦੀ ਉਸਾਰੀ ਕਰਦਾ ਹੈ ਜੋ ਵਰਤੋਂਕਾਰਾਂ ਨੂੰ ਸਿੱਧੇ ਸੰਪਰਕ ਅਤੇ ਅੰਤਰ-ਸੰਵਾਦ ਦੇ ਰਿਸ਼ਤੇ ਵਿਚ ਬੰਨ੍ਹ ਦਿੰਦਾ ਹੈ। ਇਹ ਸਾਰਾ ਕਾਰਜ ਸੰਚਾਰ-ਸਮੱਗਰੀ ਨੂੰ ਅਪਲੋਡ/ਡਾਊਨਲੋਡ ਕਰਨ, ਸੋਧਣ ਤੇ ਸੰਪਾਦਨ ਕਰਨ ਦੀ ਸਹੂਲਤ ਅਤੇ ਖੁੱਲ੍ਹ ਰਾਹੀਂ ਵਾਪਰਦਾ ਹੈ। ਇਸ ਮੰਤਵ ਲਈ ਅੱਜ ਵਰਤੋਂਕਾਰਾਂ ਨੂੰ ਅਨੇਕਾਂ ਵੈੱਬਸਾਈਟ, ਬਲੌਗ, ਯੂ-ਟਿਊਬ, ਈ-ਬੁੱਕਸ, ਈ-ਜਰਨਲਜ਼, ਆਨਲਾਈਨ ਡਿਕਸ਼ਨਰੀਆਂ ਤੇ ਵਿਸ਼ਵਕੋਸ਼ ਆਦਿ ਦੀਆਂ ਸਹੂਲਤਾਂ ਪ੍ਰਾਪਤ ਹਨ ਜਿਨ੍ਹਾਂ ਵਿਚ ਨਿਰੰਤਰ ਵਾਧਾ ਹੁੰਦਾ ਜਾ ਰਿਹਾ ਹੈ। ਮਿਸਾਲ ਵਜੋਂ ਫੇਸ-ਬੁੱਕ ਤੇ ਟਵਿਟਰ ਵਰਗੀਆਂ ਸੋਸ਼ਲ-ਨੈੱਟਵਰਕਿੰਗ ਸਾਈਟਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ। ਇਸ ਤਰ੍ਹਾਂ ਇਹ ਮੀਡੀਆ ਵਿਭੰਨ ਪ੍ਰਕਾਰ ਦੀ ਆਨਲਾਈਨ ਗਿਆਨ-ਸਮੱਗਰੀ ਉਪਲੱਬਧ ਕਰਾਉਂਦਾ ਹੈ। ਕਿਸੇ ਵੀ ਪ੍ਰਾਮਾਣਿਕ ਸਰਚ-ਇੰਜਨ ਦੀ ਸਹਾਇਤਾ ਨਾਲ ਕੋਈ ਵੀ ਅਨੇਕ ਤਰ੍ਹਾਂ ਦੀਆਂ ਤੋਂ ਲੋੜੀਂਦੀ ਜਾਣਕਾਰੀ ਸਹਿਜੇ ਹੀ ਪ੍ਰਾਪਤ ਕਰ ਸਕਦਾ ਹੈ ਅਤੇ ਸੂਚਨਾ ਤੇ ਸੰਚਾਰ ਦੇ ਵਗਦੇ ਪ੍ਰਵਾਹ ਵਿਚ ਸ਼ਾਮਿਲ ਹੋ ਸਕਦਾ ਹੈ। ਨਾਲ ਹੀ ਉਹ ਆਪਣੇ ਗਿਆਨ ਤੇ ਅਨੁਭਵ ਨੂੰ ਇਸ ਮਾਧਿਅਮ ਰਾਹੀਂ ਆਪਣੇ ਹਮ-ਖਿਆਲ ਵਰਤੋਂਕਾਰਾਂ ਨਾਲ ਸਾਂਝਿਆਂ ਕਰ ਸਕਦਾ ਹੈ। ਇਸ ਤਰ੍ਹਾਂ ਸਭਿਆਚਾਰਕ ਚੇਤਨਾ ਅਤੇ ਗਿਆਨ-ਪ੍ਰਬੋਧ ਦੇ ਦ੍ਰਿਸ਼ਟੀਕੋਣ ਤੋਂ ਇਹ ਨਵ-ਮੀਡੀਆ ਹੋਰ ਵੀ ਵਧੇਰੇ ਮਹੱਵਪੂਰਣ ਹੈ। ਦੇਖਣਾ ਇਹ ਕਿ ਪੰਜਾਬੀ ਸਭਿਆਚਾਰ ਦੇ ਸਦੀਵੀ ਪ੍ਰੇਰਣਾ ਸਰੋਤਾਂ ਦਾ ਨਿਰਮਾਨ ਕਰਨ ਵਾਲੀ, ਗਿਆਨ ਪਰੰਪਰਾ ਦੇ ਹਕੀਕੀ ਗੌਰਵ ਨੂੰ ਸਥਾਪਿਤ ਕਰਨ ਵਿਚ ਇਹ ਨਵ-ਮੀਡੀਆ ਕਿਸ ਕਿਸਮ ਦੀ ਭੂਮਿਕਾ ਨਿਭਾ ਸਕਦਾ ਹੈ ।

---

[1] "New media refers to on-demand access to content anytime, anywhere, on any digital device, as well as interactive user feedback, and creative participation. Another aspect of new media is the real-time generation of new, unregulated content. . .  Most technologies described as "new media" are digital, often having characteristics of being manipulated, networkable, dense, compressible, and interactive. "

http://en.wikipedia.org/wiki/New_media

ਇਸ ਮੰਤਵ ਲਈ ਸੱਭ ਤੋਂ ਪਹਿਲਾਂ ਪੰਜਾਬੀ ਸਭਿਆਚਾਰ ਅਤੇ ਇਸ ਦੀ ਗਿਆਨ-ਪਰੰਪਰਾ ਬਾਰੇ ਗੱਲ ਕਰਨੀ ਉਚਿਤ ਹੈ। ਪੰਜਾਬੀ ਸਭਿਆਚਾਰ ਦਾ ਸੰਕਲਪ, ਮੂਲਰੂਪ ਵਿੱਚ, ਭਾਰਤੀ ਉਪ-ਮਹਾਂਦੀਪ ਦੇ ਉਸ ਭੂਗੋਲਿਕ ਖਿੱਤੇ ਦੇ ਹਵਾਲੇ ਨਾਲ ਪਰਿਭਾਸ਼ਿਤ ਹੁੰਦਾ ਹੈ ਜਿਸਨੂੰ ਪੰਜ ਦਰਿਆਵਾਂ ਦੀ ਧਰਤੀ ਜਾਂ ਪੰਜਾਬ (ਪੰਜ+ਆਬ) ਆਖਿਆ ਜਾਂਦਾ ਹੈ। ਪੁਰਾਤਨ ਕਾਲ ਵਿੱਚ ਇਸ ਖਿੱਤੇ ਨਾਲ ਸੰਬੰਧਿਤ ਕੁਝ ਹੋਰ ਨਾਮ ਵੀ ਪ੍ਰਚੱਲਤ ਰਹੇ ਹਨ, ਜਿਵੇਂ – ਸਪਤ-ਸਿੰਧੂ, ਪੰਚ-ਨਦ, ਪੰਚਾਲ, ਮੱਦਰ ਦੇਸ ਆਦਿ। ਮਹੱਤਵਪੂਰਣ ਗੱਲ ਇਹ ਹੈ ਕਿ ਭਾਵੇਂ ਬਦਲਦੀਆਂ ਇਤਿਹਾਸਕ ਸਥਿਤੀਆਂ ਕਾਰਣ, ਕਾਲੰਤਰ ਵਿੱਚ, ਇਸ ਖਿੱਤੇ ਦੀਆਂ ਰਾਜਨੀਤਕ ਹੱਦ-ਬੰਦੀਆਂ ਵੀ ਬਣਦੀਆਂ ਬਦਲਦੀਆਂ ਰਹੀਆਂ ਹਨ ਪਰ ਪੰਜਾਬੀਆਂ ਦੀ ਸਭਿਆਚਾਰਕ ਪਛਾਣ ਦਾ ਮੂਲ ਧੁਰਾ ਅਤੇ ਸਦੀਵੀ ਪ੍ਰੇਰਣਾ-ਸਰੋਤ ਇਹੋ ਭੂਗੋਲਕ ਖੇਤਰ ਰਿਹਾ ਹੈ। ਸਿੰਧੂ-ਘਾਟੀ ਦੀ ਪੁਰਾਤਨ ਸਭਿਅਤਾ ਅਤੇ ਵੈਦਿਕ-ਆਰੀਆ ਸੰਸਕ੍ਰਿਤੀ ਦਾ ਕੇਂਦਰ ਰਿਹਾ ਇਹ ਖਿੱਤਾ ਸਦੀਆਂ ਤੋਂ ਭਾਰਤ ਵਿੱਚ ਪ੍ਰਵੇਸ਼ ਕਰਨ ਵਾਲੇ ਭਿੰਨ-ਭਿੰਨ ਸਭਿਆਚਾਰਾਂ, ਜੰਗਜੂ ਕਬੀਲਿਆਂ ਅਤੇ ਧਾਰੜਵੀਆਂ ਦਾ ਪ੍ਰਵੇਸ਼-ਦੁਆਰ ਵੀ ਰਿਹਾ ਹੈ। ਇਸ ਬਹੁ-ਭਾਂਤੀ ਸੰਪਰਕ ਅਤੇ ਸੰਘਰਸ਼ਮਈ ਅੰਤਰ-ਕਿਰਿਆ ਦੇ ਲੰਮੇ ਇਤਿਹਾਸ ਨੇ ਇੱਥੋਂ ਦੇ ਵਸਨੀਕਾਂ ਦੀ ਜੀਵਨ-ਵਿਧੀ ਅਤੇ ਮਨੋ-ਬਣਤਰ ਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਹੀ ਕਾਰਣ ਹੈ ਕਿ ਵਿਰੋਧੀ ਸਥਿਤੀਆਂ ਨਾਲ ਨਜਿੱਠਣ ਵਾਲੀ ਗਿਆਨ-ਯੁਕਤ ਕਰਮਸ਼ੀਲਤਾ ਅਤੇ ਨਾਬਰੀ ਪੰਜਾਬੀ ਬੰਦੇ ਦੇ ਅਵਚੇਤਨ ਵਿੱਚ ਵਸ ਗਈ ਹੈ ਜਿਸਨੇ ਇਨ੍ਹਾਂ ਨੂੰ ਅਤਿਆਚਾਰੀ ਧਿਰ ਨਾਲ, ਵਾਹ-ਲਗਦੀ, ਮੱਥਾ-ਡਾਹੁਣ, ਦੇਸ਼-ਕੌਮ ਦੀ ਰਾਖੀ ਲਈ ਮਰ ਮਿਟਣ, ਹਾਰ ਕੇ ਵੀ ਹਾਰ ਨਾ ਮੰਨਣ ਵਾਲੀ ਜੀਵਨ-ਸ਼ੈਲੀ ਪ੍ਰਦਾਨ ਕੀਤੀ ਹੈ। ਇਸਦੇ ਨਾਲ ਹੀ ਭਿੰਨਤਾਵਾਂ ਦਾ ਆਦਰ ਕਰਨ, ਹਰ ਓਪਰੇ ਸਭਿਆਚਾਰ ਨਾਲ ਬਰਾਬਰੀ ਦੇ ਆਧਾਰ ਤੇ ਸੰਵਾਦ ਰਚਾਉਣ ਅਤੇ ਹਰ ਨਵੇਂ ਵਿਚਾਰ ਨੂੰ ਜੀ ਆਇਆਂ ਕਹਿਣ ਵਾਲਾ ਇਨ੍ਹਾਂ ਦਾ ਸੁਭਾ ਵੀ ਸ਼ਾਇਦ ਇਸੇ ਇਤਿਹਾਸਕ ਅਨੁਭਵ ਦਾ ਸਿੱਟਾ ਹੈ।

ਮੁੱਢਲੀ ਗੱਲ ਇਹ ਹੈ ਕਿ ਪੰਜਾਬੀਅਤ ਦਾ ਇਹ ਸੰਕਲਪ ਕਿਸੇ ਇਕ ਦੇਸ਼, ਧਰਮ, ਕੌਮ, ਜਾਤ ਜਾਂ ਜਮਾਤ ਨਾਲ ਸੰਬੰਧਿਤ ਨਹੀਂ ਸਗੋਂ ਉਸ ਸਰਬ-ਸਾਂਝੇ ਸਭਿਆਚਾਰਕ ਵਿਰਸੇ ਦਾ ਲਖਾਇਕ ਹੈ ਜਿਸਦੀ ਸਿਰਜਣਾ ਵਿੱਚ ਇੱਥੋਂ ਦੇ ਰਿਸ਼ੀਆਂ-ਮੁਨੀਆਂ, ਸੰਤਾਂ-ਭਗਤਾਂ, ਗੁਰੂ ਵਿਅਕਤੀਆਂ ਅਤੇ ਸੂਫ਼ੀ ਪੀਰ-ਫ਼ਕੀਰਾਂ ਦੀ ਬਾਣੀ ਅਤੇ ਕਲਾਮ ਨੇ ਅਹਿਮ ਰੋਲ ਅਦਾ ਕੀਤਾ ਹੈ। ਕਲਾਸੀਕਲ ਅਤੇ ਮੱਧਕਾਲੀਨ ਦੌਰ ਦੇ ਇਨ੍ਹਾਂ ਧਰਮ-ਪ੍ਰਵਰਤਕਾਂ ਅਤੇ ਚਿੰਤਕਾਂ ਦਾ ਸਿਰਜਿਤ ਪ੍ਰਵਚਨ ਜੀਵੰਤ ਮੌਖਿਕ ਪਰੰਪਰਾ ਦੇ ਰੂਪ ਵਿੱਚ ਅੱਜ ਵੀ ਪੰਜਾਬੀ ਬੰਦੇ ਦੇ ਅਵਚੇਤਨ ਵਿੱਚ ਵਸਿਆ ਹੋਇਆ ਹੈ। ਇਸ ਸੰਦਰਭ ਵਿੱਚ ਪੰਜਾਬ ਦੀ ਧਰਤੀ ਉੱਤੇ ਰਚੇ ਗਏ 'ਰਿਗਵੇਦ' ਅਤੇ 'ਗੁਰੂ ਗ੍ਰੰਥ ਸਾਹਿਬ' ਵਰਗੇ ਮਹਾਂ-ਗ੍ਰੰਥਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ ਜਿਨ੍ਹਾਂ ਨੇ ਪੰਜਾਬੀ ਬੰਦੇ ਨੂੰ ਜੀਵਨ ਅਤੇ ਯਥਾਰਥ ਦੀ ਵਿਆਖਿਆ ਕਰਨ ਵਾਲਾ ਦਾਰਸ਼ਨਿਕ ਮੁਹਾਵਰਾ ਪ੍ਰਦਾਨ ਕੀਤਾ। ਇਸਦੇ ਨਾਲ ਹੀ ਬਾਬਾ ਫਰੀਦ, ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁਲ੍ਹੇ ਸ਼ਾਹ ਅਤੇ ਗ਼ੁਲਾਮ ਫ਼ਰੀਦ ਵਰਗੇ ਪੰਜਾਬੀ ਸੂਫ਼ੀ ਸ਼ਾਇਰਾਂ ਦੇ ਉਸ ਹਰਮਨ ਪਿਆਰੇ ਸ਼ਾਇਰਾਨਾ ਕਲਾਮ ਦਾ ਜ਼ਿਕਰ ਕਰਨਾ ਬਣਦਾ ਹੈ ਜੋ ਅੱਜ ਵੀ ਲੋਕਾਂ ਦੀ ਸਿਮਰਤੀ ਵਿੱਚ ਵਸਿਆ ਹੋਇਆ ਉਨ੍ਹਾਂ ਨੂੰ ਇਸ਼ਕ-ਹਕੀਕੀ ਦਾ ਦਰਸ ਦੇ ਰਿਹਾ ਹੈ।

ਪੂਰਬੀ ਚਿੰਤਨ ਦੀ ਪ੍ਰਤਿਨਿਧਤਾ ਕਰਨ ਵਾਲੇ ਇਨ੍ਹਾਂ ਗਿਆਨ-ਪਾਠਾਂ ਨੇ ਆਪਣੇ ਮੁਕਤੀਦਾਇਕ ਪ੍ਰਵਚਨ ਰਾਹੀਂ ਪੰਜਾਬੀ ਬੰਦੇ ਨੂੰ ਧਾਰਮਿਕ ਸੰਕੀਰਣਤਾ ਤੋਂ ਮੁਕਤ ਹੋ ਕੇ ਵਿਚਰਨ ਅਤੇ ਆਪੇ ਤੇ ਬ੍ਰਹਿਮੰਡ ਨਾਲ ਇਕਸੁਰ ਹੋ ਕੇ ਜਿਉਣ ਦੀ ਜਾਚ ਸਿਖਾਈ ਹੈ।

ਸਮੂਹ ਖੇਤਰੀ ਸਭਿਆਚਾਰਾਂ ਵਾਂਗ ਅੱਜ ਪੰਜਾਬੀਅਤ ਨੂੰ ਵੀ ਆਪਣੀ ਨਵੇਕਲੀ ਸਭਿਆਚਾਰਕ ਪਛਾਣ ਬਣਾਈ ਰੱਖਣ ਜਾਂ ਬਚਾਉਣ ਦਾ ਖ਼ਤਰਾ ਦਰਪੇਸ਼ ਹੈ। ਇਸਦਾ ਮੁੱਖ ਕਾਰਣ ਅਜੋਕੀ ਬਹੁ-ਕੌਮੀ ਪੂੰਜੀਵਾਦੀ ਅਰਥ-ਵਿਵਸਥਾ ਅਤੇ ਮੰਡੀ ਆਰਥਿਕਤਾ ਹੈ ਜਿਸਨੇ ਅਖੌਤੀ ਵਿਸ਼ਵੀਕਰਣ ਦੇ ਪਰਦੇ ਹੇਠਾਂ ਆਪਣੇ ਆਰਥਿਕ ਦੀ ਪੂਰਤੀ ਲਈ ਪੂੰਜੀ ਅਤੇ ਮੁਨਾਫ਼ੇ ਦੇ ਬੇਰੋਕ ਵਹਾਊ ਨੂੰ ਯਕੀਨੀ ਬਣਾਉਣ ਦੇ ਉਪਰਾਲੇ ਕੀਤੇ ਹਨ। ਅਤਿ-ਵਿਕਸਿਤ ਮੀਡੀਆ-ਤੰਤਰ ਦੇ ਮਾਧਿਅਮ ਰਾਹੀਂ ਨਵੀਂ ਕਿਸਮ ਦੇ ਖਪਤ-ਸਭਿਆਚਾਰ ਅਤੇ ਪੱਛਮੀ ਜੀਵਨ-ਸ਼ੈਲੀ ਦਾ ਅੰਧਾ-ਧੁੰਦ ਪ੍ਰਚਾਰ ਤੇ ਪ੍ਰਸਾਰ ਕਰਨ ਵਾਲੀ ਇਸ ਨਵ-ਸਾਮਰਾਜੀ ਵਿਸ਼ਵ-ਵਿਵਸਥਾ ਨੇ ਖੇਤਰੀ ਅਤੇ ਸਥਾਨਕ ਸਭਿਆਚਾਰਾਂ ਦੀ ਦੇਸੀ ਰਹਿਤਲ ਨੂੰ ਖੋਰਾ ਲਾਉਣ ਜਾਂ ਪਲੀਤ ਕਰਨ ਦਾ ਜਤਨ ਕੀਤਾ ਹੈ। ਪਰ ਇਸ ਮੰਦ-ਭਾਗੀ ਸਥਿਤੀ ਦਾ ਇਕ ਹਾਂ-ਪੱਖੀ ਪ੍ਰਤਿਕਰਮ ਵੀ ਸਾਮ੍ਹਣੇ ਆਇਆ ਹੈ। ਅਸਤਿਤਵੀ ਸੰਕਟ ਦੀ ਮਾਰ ਹੇਠਾਂ ਆਏ ਇਨ੍ਹਾਂ ਖੇਤਰੀ ਸਭਿਆਚਾਰਾਂ ਦੇ ਸੂਝਵਾਨ ਤਬਕਿਆਂ ਵਿੱਚ ਹੁਣ ਆਪੋ ਆਪਣੀ ਸਭਿਆਚਾਰਕ ਵਿਰਾਸਤ ਨੂੰ ਸਾਂਭਣ ਦਾ ਅਹਿਸਾਸ ਵੀ ਉੱਭਰ ਕੇ ਸਾਮ੍ਹਣੇ ਆ ਰਿਹਾ ਹੈ।

ਪੰਜਾਬੀ ਸਭਿਆਚਾਰ ਦਾ ਕਲਾਸੀਕਲ ਦੌਰ ਰਿਗਵੇਦ ਅਤੇ ਮਹਭਾਰਤ ਵਰਗੇ ਮਹਾ-ਗ੍ਰੰਥਾਂ ਦੀ ਸਿਰਜਣਾ ਦਾ ਦੌਰ ਹੈ ਜਿਨ੍ਹਾਂ ਦਾ ਪਾਠ ਤੇ ਪ੍ਰਵਚਨ ਤਤਕਾਲੀਨ ਸਭਿਆਚਾਰ ਦੀ ਹਕੀਕਤ ਨੂੰ ਮੂਰਤੀਮਾਨ ਕਰਨ ਦੇ ਨਾਲ ਨਾਲ ਉਸਦੀ ਪੁਨਰ-ਉਸਾਰੀ ਵੀ ਕਰਦਾ ਹੈ। ਰਿਗਵੇਦ ਅਤੇ ਇਸ ਨਾਲ ਸੰਬੰਧਿਤ ਸਮੁੱਚਾ ਵੈਦਿਕ ਸਾਹਿਤ (ਵਿਸ਼ੇਸ਼ ਤੌਰ ਤੇ ਉਪਨਿਸ਼ਦ) ਬ੍ਰਹਿਮੰਡੀ-ਚੇਤਨਾ ਦਾ ਸੰਚਾਰ ਕਰਨ ਵਾਲੀ ਦਾਰਸ਼ਨਿਕ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ ਜੋ ਸਾਡੇ ਅਵਚੇਤਨ ਵਿਚ ਵਸੀ ਹੋਈ ਹੈ। ਪੰਜਾਬੀ ਵਿਰਸੇ ਦੇ ਇਸ ਮੁੱਢਲੇ ਗਿਆਨ-ਸਰੋਤ ਨੇ ਸਾਨੂੰ ਅਨੇਕਤਾ ਵਿਚ ਏਕਤਾ ਦੇ ਸੂਤਰ ਤਲਾਸ਼ ਕਰਨ ਵਾਲੀ ਉਦਾਰ ਦਾਰਸ਼ਨਿਕ ਦ੍ਰਿਸ਼ਟੀ ਪ੍ਰਦਾਨ ਕੀਤੀ ਹੈ ਜਿਸ ਦਾ ਬਿਹਤਰੀਨ ਪ੍ਰਗਟਾਵਾ ਰਿਗਵੇਦ ਦੇ ਮਹਾਵਾਕ - ਏਕਮ ਸਦਵਿਪਰਾ ਬਹੁਧਾ ਵਦੰਤਿ - ਵਿਚ ਭਲੀ ਭਾਂਤ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸੇ ਤਰ੍ਹਾਂ ਅਥਰਵ ਵੇਦ ਵਿਚ ਸਮੂਹ ਪ੍ਰਾਣੀਆਂ ਨੂੰ ਮਿੱਤਰ ਦੀ ਦ੍ਰਿਸ਼ਟੀ ਨਾਲ ਦੇਖਣ ਦਾ ਭਾਵ ਉਜਾਗਰ ਕੀਤਾ ਗਿਆ ਹੈ - ਮਿੱਤਰਸਯ ਚਕਸ਼ੂਸ਼ਾ ਸਰਵਾਣੀ ਭੂਤਾਨੀ ਸਮੀਕਸ਼ੇ **–** ਬਾਦ ਵਿਚ ਗੁਰਬਾਣੀ ਵੀ ਇਸੇ ਭਾਵਨਾ ਦਾ ਸੰਚਾਰ ਕਰਦੀ ਹੈ **–**

ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ ॥੨॥
ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥
ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥੩॥

ਗੁਰਬਾਣੀ ਸਾਡੇ ਗਿਆਨ-ਮੂਲਕ ਵਿਰਸੇ ਦੀ ਅਗਲੇਰੀ ਮਹੱਤਵਪੂਰਣ ਪ੍ਰਾਪਤੀ ਹੈ। ਇਸਦਾ ਸੰਕਲਨ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਦੇ ਰੂਪ ਵਿਚ ਪ੍ਰਾਪਤ ਹੈ। ਬਾਰ੍ਹਵੀਂ ਸਦੀ ਤੋਂ ਲੈ ਕੇ ਸਤਾਰ੍ਹਵੀਂ ਸਦੀ ਤਕ ਦੇ ਲੰਮੇ ਵਿਸਤਾਰ ਵਿਚ ਪ੍ਰਵਾਹਿਤ ਹੋਣ ਵਾਲੀ ਇਹ ਪਾਵਨ ਰਚਨਾ ਭਾਰਤੀ ਉਪ-ਮਹਾਂਦੀਪ ਦੇ ਭਿੰਨ-ਭਿੰਨ ਭੂਗੋਲਿਕ ਖੇਤਰਾਂ ਨਾਲ ਵੀ ਸੰਬੰਧਿਤ ਹੈ। ਇਹੀ ਕਾਰਣ ਹੈ ਕਿ ਸਿੱਖ-ਵਿਰਸੇ ਦੀ ਇਸ ਪਾਵਨ ਰਚਨਾ ਨੂੰ ਮੱਧਕਾਲੀਨ ਭਾਰਤ ਦੀ ਮੁੱਲਵਾਨ ਸਭਿਆਚਾਰਕ ਟੈਕਸਟ ਵਜੋਂ ਵੀ ਵਾਚਿਆ ਜਾ ਸਕਦਾ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਇਹ ਰਚਨਾ ਮੱਧਕਾਲੀਨ ਭਾਰਤ ਦੇ ਉਸ ਦੌਰ ਦੀ ਪ੍ਰਤਿਨਿਧਤਾ ਕਰਦੀ ਹੈ ਜਿਸਨੂੰ ਸਭਿਆਚਾਰਕ ਨਵ-ਜਾਗ੍ਰਿਤੀ ਦਾ ਦੌਰ ਆਖਿਆ ਗਿਆ ਹੈ। ਨਵ-ਜਾਗ੍ਰਿਤੀ ਦੀ ਇਸ ਲਹਿਰ ਨੂੰ ਉਸਾਰਨ ਵਿਚ ਸੰਤਾਂ, ਭਗਤਾਂ ਅਤੇ ਗੁਰੂ-ਵਿਅਕਤੀਆਂ ਦਾ ਯੋਗਦਾਨ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ। ਇਨ੍ਹਾਂ ਮੱਧਕਾਲੀਨ ਧਰਮ-ਪ੍ਰਵਰਤਕਾਂ ਨੇ ਆਪਣੀ ਬਾਣੀ ਅਤੇ ਕਲਾਮ ਰਾਹੀਂ ਸਭਿਆਚਾਰਕ ਕ੍ਰਾਂਤੀ ਅਤੇ ਮਾਨਵ-ਮੁਕਤੀ ਦਾ ਅਜਿਹਾ ਸੰਦੇਸ਼ ਸੰਚਾਰਿਤ ਕੀਤਾ ਜਿਸਨੂੰ ਮਨੁੱਖੀ ਹੋਂਦ ਦੀ ਗੌਰਵਮਈ ਪ੍ਰਾਪਤੀ ਮੰਨਿਆਂ ਜਾ ਸਕਦਾ ਹੈ। ਅਜਿਹੀ ਸਥਿਤੀ ਦੇ ਪ੍ਰਸੰਗ ਵਿਚ ਆਦਿ ਗ੍ਰੰਥ ਬਾਣੀ ਨੂੰ ਕ੍ਰਾਂਤੀ ਅਤੇ ਮੁਕਤੀ ਦਾ ਪ੍ਰਵਚਨ ਵੀ ਆਖਿਆ ਜਾ ਸਕਦਾ ਹੈ। ਇਹ ਬਾਣੀ ਪਰਮ-ਯਥਾਰਥ (ਬ੍ਰਹਮ) ਦੇ ਹਵਾਲੇ ਨਾਲ ਮਨੁੱਖੀ ਏਕਤਾ ਦਾ ਬੋਧ ਉਜਾਗਰ ਕਰਦਾ ਹੈ। ਇਸ ਮੰਤਵ ਲਈ ਭਗਤ-ਸ਼੍ਰੋਮਨੀ ਨਾਮਦੇਵ ਜੀ ਦੀਆਂ ਨਿਮਨ-ਅੰਕਿਤ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ –

ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥
ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥੧॥
ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥
ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥
ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥੨॥

ਇਸ ਤਰ੍ਹਾਂ ਇਹ ਪ੍ਰਵਚਨ ਭਿੰਨ-ਭਿੰਨ ਧਰਮਾਂ, ਫ਼ਿਰਕਿਆਂ, ਵਰਗਾਂ ਅਤੇ ਜਾਤ-ਬਰਾਦਰੀਆਂ ਨੂੰ ਪਰਸਪਰ ਵੈਰ-ਵਿਰੋਧ ਅਤੇ ਟਕਰਾਉ ਨੂੰ ਛੱਡ ਕੇ ਸਦਭਾਵਨਾ, ਸੁਹਿਰਦਤਾ, ਸਹਿਯੋਗ ਅਤੇ ਸਹਿਨਸ਼ੀਲਤਾ ਦਾ ਸੰਦੇਸ਼ ਸੰਚਾਰਿਤ ਕਰਦੀ ਹੈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਬਾਣੀ ਦਾ ਪ੍ਰਵਚਨ ਵਿਭਿੰਨ ਸਭਿਆਚਾਰਕ ਪਰੰਪਰਾਵਾਂ ਵਿਚਕਾਰ ਸ਼ਾਂਤਮਈ ਸਹਿ-ਹੋਂਦ ਨੂੰ ਪ੍ਰਵਾਨਗੀ ਦਿੰਦਾ ਹੋਇਆ ਮੱਧਕਾਲੀਨ ਭਾਰਤ ਵਿਚ ਉੱਸਰ ਰਹੇ ਸੰਜੁਗਤ ਸਭਿਆਚਾਰ ਦੀ ਸੰਭਾਵਨਾ ਨੂੰ ਵੀ ਸਾਕਾਰ ਕਰਦਾ ਹੈ। ਮਿਸਾਲ ਵਜੋਂ ਗੁਰੂ ਗ੍ਰੰਥ ਸਾਹਿਬ ਬਾਣੀ ਦੀਆ ਕੁਝ ਪੰਗਤੀਆਂ ਪੇਸ਼ ਹਨ :

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥
ਕੋਈ ਸੇਵੈ ਗੁਸਈਆ ਕੋਈ ਅਲਾਹਿ॥1॥ਕਾਰਣ ਕਰਣ ਕਰੀਮ ॥

ਕਿਰਪਾ ਧਾਰਿ ਰਹੀਮ ॥1॥ ਰਹਾਉ ॥

ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥

ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥2॥

ਕੋਈ ਪੜੈ ਬੇਦ ਕੋਈ ਕਤੇਬ ॥ ਕੋਈ ਓਢੈ ਨੀਲ ਕੋਈ ਸੁਪੇਦ ॥3॥

ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥

ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥4॥

ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥

ਪ੍ਰਭ ਸਾਹਿਬ ਕਾ ਤਿਨਿ ਭੇਦੁਜਾਤਾ॥5॥9॥

**(ਗੁਰੂ ਗ੍ਰੰਥ ਸਾਹਿਬ, ਪੰਨਾ – 885)**

ਗੁਰਬਾਣੀ ਦਾ ਪ੍ਰਵਚਨ ਹਾਕਮ ਸ਼੍ਰੇਣੀ ਅਤੇ ਕੁਲੀਨ ਵਰਗਾਂ ਦਾ ਪੱਖ ਪੂਰਣ ਵਾਲੀ ਸ਼ੋਸ਼ਣਕਾਰੀ ਵਿਚਾਰਧਾਰਾ ਦਾ ਖੰਡਨ ਕਰਦਾ ਹੈ। ਇਹ ਮੁਗ਼ਲ ਸਾਮੰਤਵਾਦ ਅਤੇ ਜਾਗੀਰਦਾਰੀ ਅਰਥ-ਵਿਵਸਥਾ ਦੀ ਹਿੰਸਾ ਨੂੰ ਹੀ ਨੰਗਿਆਂ ਨਹੀਂ ਕਰਦਾ ਸਗੋਂ ਪੀੜਿਤ ਲੋਕਾਈ ਦੇ ਮਨ ਵਿਚ ਇਸ ਅਤਿਆਚਾਰੀ ਸ਼ਾਸ਼ਣ ਦੀ ਅਸਥਿਰਤਾ ਦਾ ਅਹਿਸਾਸ ਜਗਾ ਕੇ ਨੈਤਿਕ ਮਨੋਬਲ ਵੀ ਪੈਦਾ ਕਰਦਾ ਹੈ। ਪੰਜਾਬ ਦੀ ਇਹ ਗਿਆਨ ਪਰੰਪਰਾ ਅਸਲ ਵਿਚ ਭਾਰਤ ਦੀ ਉਸ ਵਿਰਾਟ ਸਭਿਅਤਾ ਦਾ ਅਨਿੱਖੜ ਅੰਗ ਹੈ ਜਿਸ ਦੀ ਗਿਣਤੀ ਦੁਨੀਆਂ ਦੀਆਂ ਪ੍ਰਾਚੀਨਤਮ ਸਭਿਅਤਾਵਾਂ ਵਿਚ ਕੀਤੀ ਜਾਂਦੀ ਹੈ। ਇਸ ਦੀ ਖੂਬੀ ਇਹ ਹੈ ਕਿ ਇਹ ਅੱਜ ਵੀ ਆਪਣੇ ਜੀਵੰਤ ਰੂਪ ਵਿਚ ਉਪਸਥਿਤ ਹੈ ਜਦੋਂ ਕਿ ਕਈ ਸਮਕਾਲੀ ਸਭਿਅਤਾਵਾਂ ਅਲੋਪ ਹੋ ਗਈਆਂ ਹਨ। ਡਾ. ਮੁਹੰਮਦ ਇਕਬਾਲ ਨੇ ਆਪਣੇ ਤਰਾਨਾਇ-ਹਿੰਦੀ ਵਿਚ ਸ਼ਾਇਦ ਇਸੇ ਤੱਥ ਵਲ ਸੰਕੇਤ ਕੀਤਾ ਸੀ –

ਯੂਨਾਨ-ਓ, ਮਿਸਰ-ਓ, ਰੋਮਾ, ਸਭ ਮਿਟ ਗਏ ਜਹਾਂ ਸੇ

ਲੇਕਿਨ ਅਭੀ ਹੈ ਬਾਕੀ ਨਾਮੋ ਨਿਸ਼ਾਂ ਹਮਾਰਾ।

ਧਰਮ ਅਤੇ ਦਰਸ਼ਨ ਨੂੰ ਕੇਂਦਰ ਵਿਚ ਸਥਾਪਿਤ ਕਰਨ ਵਾਲੀ ਇਹ ਪੰਜਾਬੀ/ਭਾਰਤੀ ਸਭਿਅਤਾ ਕਲਾਸੀਕਲ ਦੌਰ ਵਿਚ ਸਨਾਤਨ ਧਰਮ, ਜੈਨ ਧਰਮ ਅਤੇ ਬੁੱਧ ਧਰਮ ਦੇ ਰੂਪ ਵਿਚ ਉਜਾਗਰ ਹੁੰਦੀ ਹੈ ਅਤੇ ਸਾਨੂੰ ਮਨੁੱਖੀ ਜੀਵਨ ਅਤੇ ਯਥਾਰਥ ਦੇ ਪਰਮ-ਸੱਚ ਦੀ ਸੋਝੀ ਪ੍ਰਦਾਨ ਕਰਦੀ ਹੈ। ਮੱਧਕਾਲ ਵਿਚ ਇਸ ਸਭਿਅਤਾ ਤਰਜਮਾਨੀ ਕਰਨ ਵਾਲਾ ਮਹਾਂ-ਗ੍ਰੰਥ - ਗੁਰੂ ਗ੍ਰੰਥ ਸਾਹਿਬ – ਇਸਲਾਮ ਦੇ ਮਾਧਿਅਮ ਰਾਹੀਂ ਭਾਰਤ ਵਿਚ ਪ੍ਰਵੇਸ਼ ਹੋਣ ਵਾਲੀ ਸਾਮੀ ਸਭਿਅਤਾ ਨਾਲ ਸੰਵਾਦ ਰਚਾਉਂਦਾ ਹੈ ਅਤੇ ਦੋਹਾਂ ਪਰੰਪਰਾਵਾਂ ਦੇ ਪਰਮ-ਚਿਹਨਾਂ (ਅਲਾਹ ਅਤੇ ਪਾਰਬ੍ਰਹਮ) ਵਿਚਕਾਰ ਰੂਹਾਨੀ ਏਕਤਾ ਅਤੇ ਸਰਬ-ਸਾਂਝ ਦੇ ਸੂਤਰ ਤਲਾਸ਼ ਕਰਦਾ ਹੈ -

ਮਿਹਰ ਦਇਆ ਕਰਿ ਕਰਨੈਹਾਰ ॥ ਭਗਤਿ ਬੰਦਗੀ ਦੇਹਿ ਸਿਰਜਣਹਾਰ ॥

ਕਹੁ ਨਾਨਕ ਗੁਰਿ ਖੋਏ ਭਰਮ ॥ ਏਕੋ ਅਲਹੁ ਪਾਰਬ੍ਰਹਮ ॥੫॥੩੪॥੪੫॥

(ਗੁਰੂ ਗ੍ਰੰਥ ਸਾਹਿਬ – 897)

ਨਵ-ਮੀਡੀਆ ਸਾਨੂੰ ਕੰਪਿਊਟਰ-ਆਧਾਰਿਤ ਉਪਕਰਣਾਂ ਅਤੇ ਇੰਟਰਨੈੱਟ-ਵਸੀਲਿਆਂ ਦੀ ਸਹਾਇਤਾ ਰਾਹੀਂ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਕਾਸ਼ਮਾਨ ਕਰਨ ਦਾ ਅਵਸਰ ਪ੍ਰਦਾਨ ਕਰਦਾ ਹੈ। ਇਸ ਮੰਤਵ ਲਈ ਵੈੱਬ-ਸਾਈਟ ਅਤੇ ਬਲੌਗ ਦੀਆਂ ਸਹੂਲਤਾਂ ਬਹੁਤ ਮਦਦਗਾਰ ਸਿੱਧ ਹੋ ਸਕਦੀਆਂ ਹਨ। ਇਸ ਦਿਸ਼ਾ ਵਲ ਕਈ ਮਹੱਤਵਪੂਰਣ ਕਦਮ ਪੁੱਟੇ ਵੀ ਗਏ ਹਨ। ਮਿਸਾਲ ਵਜੋਂ ਡਾ. ਕੁਲਬੀਰ ਸਿੰਘ ਦੀ ਵੈੱਬ-ਸਾਈਟ www.gurbani.org ਦਾ ਹਵਾਲਾ ਦਿੱਤਾ ਜਾ ਸਕਦਾ ਹੈ। ਇਹ ਵੈੱਬ-ਸਾਈਟ ਗੁਰਬਾਣੀ ਦੇ ਅਧਿਅਨ ਤੇ ਖੋਜ ਲਈ ਲੋੜੀਂਦੀ ਔਨਲਾਈਨ ਸਮੱਗਰੀ ਉਪਲਬੱਧ ਕਰਾਉਂਦੀ ਹੈ। ਇਸੇ ਤਰ੍ਹਾਂ ਪੰਜਾਬ, ਪੰਜਾਬੀ ਸਾਹਿਤ, ਸਭਿਆਚਾਰ, ਧਰਮ ਅਤੇ ਦਰਸ਼ਨ ਨਾਲ ਸੰਬੰਧਿਤ ਕਈ ਹੋਰ ਵੈੱਬ-ਸਾਈਟਾਂ ਅਤੇ ਬਲੌਗ ਇੰਟਰਨੈੱਟ ਉੱਤੇ ਆਪੋ ਆਪਣੀ ਭੂਮਿਕਾ ਨਿਭਾ ਰਹੇ ਹਨ। ਪਰ ਇਸ ਦਿਸ਼ਾ ਵਿਚ ਅਜੇ ਬਹੁਤ ਕੁਝ ਕਰਨਾ ਬਾਕੀ ਹੈ। ਲੋੜ ਇਸ ਗੱਲ ਦੀ ਹੈ ਕਿ ਪੰਜਾਬ ਦੀ ਗਿਆਨ ਪਰੰਪਰਾ ਅਤੇ ਇਸਦੀਆਂ ਦਾਰਸ਼ਨਿਕ ਉਪਲੱਬਧੀਆਂ ਨੂੰ ਸਮਕਾਲੀਨ ਸੰਦਰਭ ਵਿਚ ਸਾਰਥਕ ਤੇ ਪ੍ਰਾਸੰਗਿਕ ਬਣਾ ਕੇ ਪੇਸ਼ ਕੀਤਾ ਜਾਵੇ। ਇਸ ਮੰਤਵ ਲਈ ਪੰਜਾਬੀ ਸਭਿਆਚਾਰਕ ਚੇਤਨਾ ਅਤੇ ਗਿਆਨ-ਪ੍ਰਬੋਧ ਨੂੰ ਸਮਰਪਿਤ ਰੌਸ਼ਨ-ਦਿਮਾਗ਼ ਖੋਜਾਰਥੀਆਂ ਦੀ ਲੋੜ ਹੈ। ਅਜੋਕੇ ਦੌਰ ਵਿਚ ਮੀਡੀਆ ਦੇ ਵਧ ਰਹੇ ਦੁਸ਼-ਪ੍ਰਭਾਵਾਂ ਨੂੰ ਰੋਕਣ ਲਈ ਇਸੇ ਕਿਸਮ ਦੇ ਗਿਆਨਾਰਥੀ ਉਪਰਾਲਿਆਂ ਦੀ ਜ਼ਰੂਰਤ ਹੈ।